# ਅੰਡਰਯੂਜ਼ਡ ਹਾਊਸਿੰਗ ਟੈਕਸ (TLSU) :

## ਕਿਸ ਨੂੰ ਟੈਕਸ ਅਦਾ ਕਰਨ ਦੀ ਲੋੜ ਨਹੀਂ ਹੈ?

ਤੁਹਾਨੂੰ ਉਸ ਕੈਲੰਡਰ ਸਾਲ ਲਈ TLSU ਰਿਟਰਨ ਫਾਈਲ ਕਰਨੀ ਪਵੇਗੀ ਜਿਸ ਵਿੱਚ ਤੁਸੀਂ ਰਿਹਾਇਸ਼ੀ ਜਾਇਦਾਦ ਦੇ ਮਾਲਕ ਹੋ ਅਤੇ 31 ਦਸੰਬਰ ਨੂੰ ਅੰਡਰਯੂਜ਼ਡ ਹਾਊਸਿੰਗ ਟੈਕਸ ਦੇ ਅਧੀਨ ਹੋ। ਤੁਹਾਨੂੰ ਟੈਕਸ ਦਾ ਭੁਗਤਾਨ ਕਰਨਾ ਚਾਹੀਦਾ ਹੈ ਜਦੋਂ ਤੱਕ ਤੁਸੀਂ ਛੋਟ ਲਈ ਯੋਗ ਨਹੀਂ ਹੁੰਦੇ :

---

### 1 ਰਿਹਾਇਸ਼ੀ ਸੰਪਤੀ ਦਾ ਸਥਾਨ ਅਤੇ ਵਰਤੋਂ

**ਤੁਹਾਨੂੰ ਟੈਕਸ ਦਾ ਭੁਗਤਾਨ ਕਰਨ ਤੋਂ ਛੋਟ ਮਿਲ ਸਕਦੀ ਹੈ ਜੇਕਰ ਤੁਸੀਂ ਇੱਕ ਵਿਅਕਤੀ ਹੋ ਅਤੇ ਸੰਪਤੀ :**

ਇੱਕ ਛੁੱਟੀ ਵਾਲਾ ਘਰ ਹੈ ਜਿਸਨੂੰ ਤੁਸੀਂ, ਤੁਹਾਡੇ ਜੀਵਨ ਸਾਥੀ, ਜਾਂ ਤੁਹਾਡੇ ਕਾਮਨ-ਲਾਅ ਪਾਰਟਨਰ ਸਾਲ ਦੇ ਦੌਰਾਨ ਘੱਟੋ-ਘੱਟ 28 ਦਿਨਾਂ ਲਈ ਵਰਤਦੇ ਹੋ ਜੋ ਕੈਨੇਡੀਅਨ ਯੋਗ ਖੇਤਰ ਵਿੱਚ ਸਥਿਤ ਹੈ।

### 2 ਰਿਹਾਇਸ਼ੀ ਜਾਇਦਾਦ ਦਾ ਵਸਨੀਕ

**ਤੁਹਾਨੂੰ ਟੈਕਸ ਦਾ ਭੁਗਤਾਨ ਕਰਨ ਤੋਂ ਛੋਟ ਮਿਲ ਸਕਦੀ ਹੈ ਜੇਕਰ ਸੰਪਤੀ :**

- ਪ੍ਰਾਇਮਰੀ ਨਿਵਾਸ ਸਥਾਨ ਦੇ ਤੌਰ 'ਤੇ ਵਰਤੀ ਜਾਂਦੀ ਹੈ
- ਯੋਗਤਾ ਪ੍ਰਾਪਤ ਕਬਜ਼ੇ ਲਈ ਵਰਤੀ ਜਾਂਦੀ ਹੈ

### 3 ਰਿਹਾਇਸ਼ੀ ਜਾਇਦਾਦ ਦੀ ਉਪਲਬਧਤਾ

**ਤੁਹਾਨੂੰ ਟੈਕਸ ਦਾ ਭੁਗਤਾਨ ਕਰਨ ਤੋਂ ਛੋਟ ਮਿਲ ਸਕਦੀ ਹੈ ਜੇਕਰ ਸੰਪਤੀ :**

- ਨਵੀਂ ਉਸਾਰੀ ਹੈ
- ਸਾਲ ਭਰ ਵਿੱਚ ਰਹਿਣ ਦੇ ਯੋਗ ਨਹੀਂ ਹੈ, ਜਾਂ ਮੌਸਮੀ ਤੌਰ 'ਤੇ ਪਹੁੰਚਯੋਗ ਨਹੀਂ ਹੈ
- ਮੁਰੰਮਤ, ਖ਼ਤਰਨਾਕ ਸਥਿਤੀਆਂ, ਜਾਂ ਪੂਰਵ-ਨਿਰਧਾਰਤ ਸਮੇਂ ਲਈ ਆਫ਼ਤਾਂ ਦੇ ਕਾਰਨ ਵਰਤੋਂਯੋਗ ਨਹੀਂ ਹੈ

### 4 ਮਾਲਕ ਦੀ ਕਿਸਮ

**ਤੁਹਾਨੂੰ ਟੈਕਸ ਦਾ ਭੁਗਤਾਨ ਕਰਨ ਤੋਂ ਛੋਟ ਮਿਲ ਸਕਦੀ ਹੈ ਜੇਕਰ ਤੁਸੀਂ :**

- ਕੈਲੰਡਰ ਸਾਲ ਵਿੱਚ ਇੱਕ ਨਵੇ ਮਾਲਕ ਹੋ
- ਇਕ ਮ੍ਰਿਤਕ ਮਾਲਕ, ਇੱਕ ਸਹਿ-ਮਾਲਕ, ਜਾਂ ਇੱਕ ਮ੍ਰਿਤਕ ਮਾਲਕ ਦਾ ਨਿੱਜੀ ਪ੍ਰਤੀਨਿਧੀ ਹੋ

### ਛੋਟਾਂ ਬਾਰੇ ਹੋਰ ਜਾਣੋ

ਯਾਦ ਰੱਖੋ ਕਿ ਭਾਵੇਂ ਪ੍ਰਭਾਵਿਤ ਮਾਲਕ ਨੂੰ TLSU ਦਾ ਭੁਗਤਾਨ ਕਰਨ ਦੀ ਲੋੜ ਨਹੀਂ ਹੈ, ਫਿਰ ਵੀ ਉਹਨਾਂ ਨੂੰ 30 ਅਪ੍ਰੈਲ ਤੱਕ TLSU ਰਿਟਰਨ ਜਮ੍ਹਾਂ ਕਰਾਉਣ ਦੀ ਲੋੜ ਹੈ।

ਟੈਕਸ ਤੋਂ ਹਰੇਕ ਛੋਟ ਬਾਰੇ ਹੋਰ ਜਾਣਨ ਲਈ, canada.ca/arc-tlsu ਤੇ ਜਾਓ